# ਮੁਲਾਜ਼ਮਾਂ ਦੇ ਹੱਕ

## ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਹੇਠ

**NLRA, ਮੁਲਾਜ਼ਮਾਂ ਨੂੰ ਆਪਣੇ ਨੌਕਰੀਦਾਤਿਆਂ ਨਾਲ ਸਮੂਹਕ ਤੌਰ 'ਤੇ ਜੱਥੇਬੰਦ ਹੋਣ ਅਤੇ ਸੌਦੇਬਾਜ਼ੀ ਕਰਨ ਦੇ ਹੱਕ, ਅਤੇ ਹੋਰ ਸੁਰੱਖਿਅਤ ਸੰਗਠਿਤ ਸਰਗਰਮੀ ਵਿੱਚ ਸ਼ਾਮਿਲ ਹੋਣ ਦੀ ਗਰੰਟੀ ਦਿੰਦਾ ਹੈ।**

**NLRA* ਦੇ ਘੇਰੇ ਹੇਠਲੇ ਮੁਲਾਜ਼ਮ ਖ਼ਾਸ ਕਿਸਮ ਦੇ ਨੌਕਰੀਦਾਤਾ ਅਤੇ ਯੂਨੀਅਨ ਦੀ ਬਦਸਲੂਕੀ ਤੋਂ ਸੁਰੱਖਿਅਤ ਹਨ। ਇਹ ਨੋਟਿਸ ਤੁਹਾਨੂੰ ਤੁਹਾਡੇ ਹੱਕਾਂ ਬਾਰੇ ਅਤੇ NLRA ਹੇਠ ਨੌਕਰੀਦਾਤਿਆਂ ਅਤੇ ਯੂਨੀਅਨਾਂ ਦੀਆਂ ਜ਼ਿੰਮੇਵਾਰੀਆਂ ਬਾਰੇ, ਤੁਹਾਨੂੰ ਆਮ ਜਾਣਕਾਰੀ ਦਿੰਦਾ ਹੈ। ਜੇ ਤੁਹਾਡੇ ਆਪਣੇ ਖ਼ਾਸ ਹੱਕਾਂ ਬਾਰੇ ਤੁਹਾਡੇ ਕੋਈ ਸੁਆਲ ਹਨ, ਜੋ ਤੁਹਾਡੀ ਖ਼ਾਸ ਕੰਮ ਵਾਲੀ ਥਾਂ 'ਤੇ ਲਾਗੂ ਹੋ ਸਕਦੇ ਹਨ, ਲਈ ਹੇਠਾਂ ਦਿੱਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰਦਿਆਂ, ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB), NLRA ਹੇਠ ਪੜਤਾਲ ਕਰਨ ਵਾਲੀ ਅਤੇ ਸ਼ਿਕਾਇਤਾਂ ਹੱਲ ਕਰਨ ਵਾਲੀ ਫ਼ੈਡਕਲ ਏਜੰਸੀ ਨਾਲ ਸੰਪਰਕ ਕਰੋ।**

### NLRA ਹੇਠ, ਤੁਹਾਨੂੰ ਹੇਠਾਂ ਦਿੱਤੇ ਕੰਮ ਕਰਨ ਦਾ ਹੱਕ ਹੈ:

- **ਆਪਣੀਆਂ ਉਜਰਤਾਂ**, ਸਮਿਆਂ ਅਤੇ ਰੋਜ਼ਗਾਰ ਦੇ ਹੋਰਨਾਂ ਨੇਮਾਂ ਅਤੇ ਸ਼ਰਤਾਂ ਬਾਰੇ ਆਪਣੇ ਨੌਕਰੀਦਾਤਾ ਨਾਲ ਗੱਲਬਾਤ ਕਰਨ ਲਈ ਯੂਨੀਅਨ ਜੱਥੇਬੰਦ ਕਰਨੀ।
- **ਯੂਨੀਅਨ ਬਣਾਉਣੀ, ਸ਼ਾਮਿਲ ਹੋਣਾ ਜਾ ਮਦਦ ਕਰਨੀ।**
- **ਆਪਣੀਆਂ ਉਜਰਤਾਂ, ਲਾਭਾਂ, ਸਮਿਆਂ** ਅਤੇ ਕੰਮ ਕਰਨ ਦੀਆਂ ਹੋਰਨਾਂ ਸਥਿਤੀਆਂ ਤੈਅ ਕਰਦਿਆਂ, ਆਪਣੇ ਨੌਕਰੀਦਾਤਿਆਂ ਨਾਲ ਇਕਰਾਰਨਾਮੇ ਲਈ ਮੁਲਾਜ਼ਮਾਂ ਦੇ ਆਪਣੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਸਮੂਹਕ ਤੌਰ 'ਤੇ ਸੌਦੇਬਾਜ਼ੀ ਕਰਨੀ।
- **ਰੋਜ਼ਗਾਰ ਦੇ ਆਪਣੇ ਨੇਮ ਅਤੇ ਸ਼ਰਤਾਂ ਬਾਰੇ ਵਿਚਾਰ-ਚਰਚਾ ਕਰਨੀ** ਜਾਂ ਆਪਣੇ ਸਹਿ-ਵਰਕਰਾਂ ਜਾਂ ਯੂਨੀਅਨ ਨਾਲ ਯੂਨੀਅਨ ਨੂੰ ਜੱਥੇਬੰਦ ਕਰਨਾ।

### NLRA ਹੇਠ, ਕਿਸੇ ਵੀ ਯੂਨੀਅਨ ਲਈ ਜਾਂ ਉਸ ਯੂਨੀਅਨ ਲਈ ਵੀ ਇੰਜ ਕਰਨਾ ਗ਼ੈਰਕਾਨੂੰਨੀ ਹੈ, ਜੋ ਤੁਹਾਡੇ ਨੌਕਰੀਦਾਤਾ ਨਾਲ ਸੌਦੇਬਾਜ਼ੀ ਕਰਨ ਵਿੱਚ ਤੁਹਾਡੀ ਨੁਮਾਇੰਦਗੀ ਕਰਦੀ ਹੈ:

- **ਤੁਹਾਨੂੰ ਧਮਕਾਉਣਾ** ਕਿ ਜਦ ਤੱਕ ਤੁਸੀਂ ਯੂਨੀਅਨ ਦੀ ਹਿਮਾਇਤ ਨਹੀਂ ਕਰਦੇ, ਤੁਹਾਡੀ ਨੌਕਰੀ ਖੁੰਝ ਜਾਏਗੀ।
- **ਸ਼ਿਕਾਇਤ ਬਾਰੇ ਕਾਰਵਾਈ ਕਰਨ ਤੋਂ ਮਨ੍ਹਾ ਕਰਨਾ**, ਕਿਉਂਕਿ ਤੁਸੀਂ ਯੂਨੀਅਨ ਦੇ ਅਹੁਦੇਦਾਰਾਂ ਦੀ ਨੁਕਤਾਚੀਨੀ ਕੀਤੀ ਹੈ ਜਾਂ ਇਸ ਕਰਕੇ ਕਿਉਂਕਿ ਤੁਸੀਂ ਯੂਨੀਅਨ ਦੇ ਮੈਂਬਰ ਨਹੀਂ ਹੋ।
- **ਕਿਸੇ ਹਾਇਰਿੰਗ ਹਾੱਲ (ਯੂਨੀਅਨ ਦੀ ਸਰਪ੍ਰਸਤੀ ਹੇਠ ਵਰਕਰਾਂ ਦੀ ਭਰਤੀ ਕਰਨ ਵਾਲੀ ਸੰਸਥਾ) ਤੋਂ ਨੌਕਰੀ ਦੇ ਰੈਫ਼ਰਲ ਬਣਾਉਣ ਲਈ ਪੱਖਪਾਤੀ ਮਿਆਰ** ਜਾਂ ਕਾਰਵਾਈਆਂ ਕਰਨੀਆਂ ਜਾਂ ਬਹਾਲ ਰੱਖਣੀਆਂ।
- **ਯੂਨੀਅਨ ਨਾਲ ਜੁੜੀ ਤੁਹਾਡੀ ਸਰਗਰਮੀ ਕਰਕੇ ਕੋਈ ਨੌਕਰੀਦਾਤਾ ਤੁਹਾਡੇ ਖ਼ਿਲਾਫ਼ ਵਿਤਕਰਾ** ਕਰਨ ਦਾ ਕਾਰਣ ਬਣਿਆ ਹੈ ਜਾਂ ਕਾਰਣ ਬਣਨ ਦੀ ਕੋਸ਼ਿਸ਼ ਕੀਤੀ ਹੈ ਸਬੰਧਿਤ ਸਰਗਰਮੀ।

### NLRA ਹੇਠ, ਤੁਹਾਡੇ ਨੌਕਰੀਦਾਤਾ ਲਈ ਇਹ ਗ਼ੈਰਕਾਨੂੰਨੀ ਹੈ:

- **ਕੰਮ ਨਾ ਕਰਨ ਦੇ ਸਮੇਂ ਦੌਰਾਨ, ਜਿਵੇਂ ਕੰਮ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਂ ਬ੍ਰੇਕ ਦੇ ਸਮਿਆਂ ਦੌਰਾਨ;** ਜਾਂ ਕੰਮ ਨਾ ਕਰਨ ਦੇ ਸਮੇਂ ਦੌਰਾਨ, ਕੰਮ ਨਾ ਕਰਨ ਵਾਲੀਆਂ ਥਾਵਾਂ ਵਿੱਚ, ਜਿਵੇਂ ਪਾਰਕਿੰਗ ਵਾਲੀਆਂ ਥਾਵਾਂ ਜਾਂ ਬ੍ਰੇਕ ਰੂਮ ਵਿੱਚ ਯੂਨੀਅਨ ਲਈ ਕੰਮ ਕਰਨ ਤੋਂ ਮਨ੍ਹਾ ਕਰਨ ਜਾਂ ਯੂਨੀਅਨ ਦਾ ਸਾਹਿਤ ਵੰਡਣ ਤੋਂ ਮਨ੍ਹਾ ਕਰਨਾ।
- **ਤੁਹਾਡੇ ਵਲੋਂ ਯੂਨੀਅਨ ਨੂੰ ਦਿੱਤੀ ਜਾਂਦੀ** ਹਿਮਾਇਤ ਜਾਂ ਸਰਗਰਮੀਆਂ ਬਾਰੇ ਇਸ ਢੰਗ ਨਾਲ ਸੁਆਲ ਕਰਨੇ, ਜੋ ਤੁਹਾਨੂੰ ਉਸ ਸਰਗਰਮੀ ਵਿੱਚ ਸ਼ਾਮਿਲ ਹੋਣ ਤੋਂ ਨਿਰਉਤਸਾਹ ਕਰਦੇ ਹਨ।
- **ਤੁਹਾਨੂੰ ਬਰਖ਼ਾਸਤ ਕਰਨ, ਅਹੁਦਾ ਘਟਾਉਣ, ਜਾਂ ਤੁਹਾਨੂੰ ਟ੍ਰਾਂਸਫ਼ਰ ਕਰਨ ਜਾਂ ਤੁਹਾਡਾ ਸਮਾਂ ਘਟਾਉਣ ਜਾਂ ਤੁਹਾਡੀ ਸ਼ਿਫਟ ਬਦਲਣ,** ਜਾਂ ਨਹੀਂ ਤਾਂ, ਤੁਹਾਡੇ ਖ਼ਿਲਾਫ਼ ਅਣਸੁਖਾਵੀਂ ਕਾਰਵਾਈ ਕਰਨ ਜਾਂ

- **ਹੋਰਨਾਂ ਸਾਧਨਾਂ ਦੇ ਨਾਲ ਹੀ** ਆਪਣੀ ਕੰਮ ਕਰਨ ਦੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਇੱਕ ਜਾਂ ਵੱਧ ਸਹਿ-ਵਰਕਰਾਂ ਨਾਲ ਕਾਰਵਾਈ ਕਰਨੀ, ਆਪਣੇ ਨੌਕਰੀਦਾਤਾ ਨਾਲ ਜਾਂ ਸਿੱਧਿਆਂ ਸਰਕਾਰੀ ਏਜੰਸੀ ਸਾਹਮਣੇ ਕੰਮ ਸਬੰਧੀ ਸ਼ਿਕਾਇਤਾਂ ਪੇਸ਼ ਕਰਨੀਆਂ ਅਤੇ ਯੂਨੀਅਨ ਤੋਂ ਮਦਦ ਲੈਣੀ।
- **ਹੜਤਾਲ ਅਤੇ ਧਰਨਾ**, ਹੜਤਾਲ ਜਾਂ ਧਰਨੇ ਦੇ ਮਕਸਦ ਜਾਂ ਸਾਧਨਾਂ 'ਤੇ ਨਿਰਭਰ ਕਰਦਾ ਹੈ।
- **ਇਹਨਾਂ ਵਿੱਚੋਂ ਕਿਸੇ ਵੀ ਸਰਗਰਮੀ ਦੀ ਚੋਣ ਨਾ ਕਰੋ**, ਇਸ ਵਿੱਚ ਯੂਨੀਅਨ ਵਿੱਚ ਸ਼ਾਮਿਲ ਹੋਣਾ ਜਾਂ ਮੈਂਬਰ ਬਣੇ ਰਹਿਣਾ ਸ਼ਾਮਿਲ ਹੈ।

ਗ਼ੈਰਕਾਨੂੰਨੀ ਕੰਮ ਕਰਨ ਦੀ ਮੰਜ਼ੂਰੀ ਨਹੀਂ ਦਿੱਤੀ ਜਾਏਗੀ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਹੱਕਾਂ ਜਾਂ ਹੋਰਨਾਂ ਦੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਤੁਹਾਨੂੰ ਆਮ ਤੌਰ 'ਤੇ ਗ਼ੈਰਕਾਨੂੰਨੀ ਸਰਗਰਮੀ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਫ਼ੌਰਨ NLRB ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਸੀਂ ਆਪਣੇ ਨੌਕਰੀਦਾਤਾ ਜਾਂ ਕਿਸੇ ਹੋਰ ਨੂੰ ਜਾਂਚ ਬਾਰੇ ਦੱਸੇ ਬਿਨਾ ਸੰਭਵ ਉਲੰਘਣਾ ਬਾਰੇ ਪੁੱਛਗਿੱਛ ਕਰ ਸਕਦੇ ਹੋ। ਇਹ ਇਲਜ਼ਾਮ ਕਿਸੇ ਵੀ ਸ਼ਖ਼ਸ ਵਲੋਂ ਦਾਇਰ ਕੀਤੇ ਜਾ ਸਕਦੇ ਹਨ ਅਤੇ ਉਲੰਘਣਾ ਕਰਕੇ ਸਿੱਧੇ ਤੌਰ 'ਤੇ ਅਸਰ ਹੇਠਲੇ ਮੁਲਾਜ਼ਮ ਵਲੋਂ ਦਾਇਰ ਕਰਨ ਦੀ ਲੋੜ ਨਹੀਂ ਹੈ। NLRB ਕਾਨੂੰਨ ਦੀ ਉਲੰਘਣਾ ਕਰਨ ਬਦਲੇ ਨੌਕਰੀ ਤੋਂ ਕੱਢੇ ਗਏ ਵਰਕਰ ਨੂੰ ਮੁੜ ਨੌਕਰੀ 'ਤੇ ਰੱਖਣ ਅਤੇ ਖੁੰਝੀਆਂ ਉਜਰਤਾਂ ਅਤੇ ਲਾਭਾਂ ਦਾ ਭੁਗਤਾਨ ਕਰਨ ਬਾਰੇ ਨੌਕਰੀਦਾਤਾ ਨੂੰ ਆਦੇਸ਼ ਦੇ ਸਕਦਾ ਹੈ ਅਤੇ ਕਿਸੇ ਵੀ ਨੌਕਰੀਦਾਤਾ ਜਾਂ ਯੂਨੀਅਨ ਨੂੰ ਕਾਨੂੰਨ ਦੀ ਉਲੰਘਣਾ ਨਾ ਕਰਨ ਦਾ ਵੀ ਆਦੇਸ਼ ਦੇ ਸਕਦਾ ਹੈ। ਮੁਲਾਜ਼ਮਾਂ ਨੂੰ NLRB ਦੇ ਸਭ ਤੋਂ ਨਜ਼ਦੀਕੀ ਇਲਾਕਾਈ ਦਫ਼ਤਰ ਤੋਂ ਮਦਦ ਲੈਣੀ ਚਾਹੀਦੀ ਹੈ, ਇਸ ਦਫ਼ਤਰ ਬਾਰੇ ਏਜੰਸੀ ਦੀ ਵੈਬਸਾਈਟ ਤੋਂ ਜਾਣਕਾਰੀ ਮਿਲ ਸਕਦੀ ਹੈ: www.nlrb.gov.

- **ਕਿ ਤੁਸੀਂ ਯੂਨੀਅਨ ਵਿੱਚ ਸ਼ਾਮਿਲ ਹੋਏ ਹੋ ਜਾਂ** ਹਿਮਾਇਤ ਕੀਤੀ ਹੈ, ਇਸ ਦੇ ਅਧਾਰ 'ਤੇ ਤੁਹਾਡੇ ਖ਼ਿਲਾਫ਼ ਕੋਈ ਹੋਰ ਅਣਸੁਖਾਵੀਂ ਕਾਰਵਾਈ ਕਰਨੀ।

*ਜੇ ਤੁਸੀਂ ਅਤੇ ਤੁਹਾਡੇ ਸਹਿ-ਵਰਕਰਾਂ ਨੇ ਤੁਹਾਡੀ ਸਮੂਹਕ ਸੌਦੇਬਾਜ਼ੀ ਲਈ ਇੱਕ ਨੁਮਾਇੰਦੇ ਵਜੋਂ ਕੰਮ ਕਰਨ ਲਈ ਯੂਨੀਅਨ ਚੁਣੀ ਹੈ, ਤਾਂ ਤੁਹਾਡੇ ਨੌਕਰੀਦਾਤਾ ਅਤੇ ਯੂਨੀਅਨ ਨੂੰ ਤੁਹਾਡੇ ਰੋਜ਼ਗਾਰ ਦੇ ਨੇਮ ਅਤੇ ਸ਼ਰਤਾਂ ਤੈਅ ਕਰਦਿਆਂ, ਲਿਖਤੀ, ਲਾਜ਼ਮੀ ਸਮਝੌਤਾ ਸਿਰੇ ਚਾੜ੍ਹਣ ਲਈ ਇੱਕ ਨਿਰੋਲ ਕੋਸ਼ਿਸ਼ ਵਿੱਚ ਨੇਕਨੀਅਤੀ ਨਾਲ ਸੌਦੇਬਾਜ਼ੀ ਕਰਨੀ ਚਾਹੀਦੀ ਹੈ।*
*ਯੂਨੀਅਨ ਨੂੰ ਸੌਦੇਬਾਜ਼ੀ ਅਤੇ ਸਮਝੌਤਾ ਲਾਗੂ ਕਰਨ ਵਿੱਚ ਤੁਹਾਡੀ ਢੁਕਵੇਂ ਤਰੀਕੇ ਨਾਲ ਨੁਮਾਇੰਦਗੀ ਕਰਨੀ ਚਾਹੀਦੀ ਹੈ।*

ਤੁਸੀਂ ਟੋਲ-ਫ੍ਰੀ ਨੰਬਰ 'ਤੇ ਕਾੱਲ ਕਰਕੇ NLRB ਨਾਲ ਵੀ ਸੰਪਰਕ ਕਰ ਸਕਦੇ ਹੋ: 1-844-762-NLRB(6572). ਭਾਸ਼ਾ ਸਬੰਧੀ ਸਹਾਇਤਾ ਉਪਲਬਧ ਹੈ। ਉੱਚਾ ਸੁਣਨ ਵਾਲੇ ਕਾੱਲਰ, ਜੋ NLRB ਦੇ ਨੁਮਾਇੰਦੇ ਨਾਲ ਗੱਲ ਕਰਨਾ ਚਾਹੁੰਦੇ ਹਨ, ਉਹਨਾਂ ਨੂੰ relay.service@nlrb.gov 'ਤੇ ਈਮੇਲ ਭੇਜਣੀ ਚਾਹੀਦੀ ਹੈ। ਰਿਲੇ ਸਰਵਿਸ ਕਾੱਲ ਦਾ ਸਮਾਂ ਕਿਵੇਂ ਤੈਅ ਕਰਨਾ ਹੈ, ਬਾਰੇ NLRB ਦਾ ਇੱਕ ਨੁਮਾਇੰਦਾ ਬੇਨਤੀ ਜਾਂ ਹਿਦਾਇਤਾਂ ਵਾਲੀ ਈਮੇਲ ਭੇਜੇਗਾ।

**ਹੋਰ ਜਾਣਨ ਲਈ ਸਕੈਨ ਕਰੋ**

**SCAN TO LEARN MORE**

ਇਹਨਾਂ ਵਿੱਚੋਂ ਕੋਈ ਵੀ ਕਾਰਵਾਈ ਕਰਨ ਦੀ ਧਮਕੀ ਦੇਣੀ, ਕਿਉਂਕਿ ਤੁਸੀਂ ਯੂਨੀਅਨ ਵਿੱਚ ਸ਼ਾਮਿਲ ਹੋਏ ਹੋ ਜਾਂ ਹਿਮਾਇਤ ਕਰਦੇ ਹੋ ਜਾਂ ਕਿਉਂਕਿ ਤੁਸੀਂ ਆਪਸੀ ਮਦਦ ਅਤੇ ਸੁਰੱਖਿਆ ਲਈ ਸੰਗਠਿਤ ਕਾਰਵਾਈ ਵਿੱਚ ਸ਼ਾਮਿਲ ਹੁੰਦੇ ਹੋ ਜਾਂ ਕਿਉਂਕਿ ਤੁਸੀਂ ਅਜਿਹੀ ਕਿਸੇ ਵੀ ਕਾਰਵਾਈ ਵਿੱਚ ਸ਼ਾਮਿਲ ਨਾ ਹੋਣ ਦੀ ਚੋਣ ਕਰਦੇ ਹੋ।

- **ਜੇ ਵਰਕਰ ਆਪਣੀ ਨੁਮਾਇੰਦਗੀ ਲਈ ਕੋਈ ਯੂਨੀਅਨ ਚੁਣਦੇ ਹਨ,** ਤਾਂ ਤੁਹਾਡੀ ਕੰਮ ਵਾਲੀ ਥਾਂ ਬੰਦ ਕਰਨ ਦੀ ਧਮਕੀ ਦੇਣੀ।
- **ਯੂਨੀਅਨ ਦੀ ਹਿਮਾਇਤ ਕਰਨ ਬਦਲੇ ਹੌਸਲਾ ਢਾਹੁਣ ਜਾਂ ਹੌਸਲਾ ਵਧਾਉਣ** ਲਈ ਤਰੱਕੀ ਕਰਨ, ਤਨਖ਼ਾਹ ਵਧਾਉਣ ਜਾਂ ਹੋਰ ਲਾਭ ਦੇਣ ਦਾ ਵਾਅਦਾ ਕਰਨਾ ਜਾਂ ਦੇਣੇ।
- **ਖ਼ਾਸ ਸਥਿਤੀਆਂ ਨੂੰ ਛੱਡਕੇ ਤੁਹਾਨੂੰ ਕੰਮ ਵਾਲੀ ਥਾਂ** 'ਤੇ ਯੂਨੀਅਨ ਦੇ ਹੈਟ, ਬਟਨ, ਟੀ-ਸ਼ਰਟ ਪਾਉਣ ਅਤੇ ਪਿੰਨ ਲਾਉਣ ਤੋਂ ਰੋਕਦਾ ਹੈ।
- **ਯੂਨੀਅਨ ਦੀਆਂ ਪੁਰਅਮਨ ਸਰਗਰਮੀਆਂ ਅਤੇ ਇਕੱਠ ਕਰਨ ਦੀ ਜਾਸੂਸੀ ਕਰਨੀ** ਜਾਂ ਵੀਡੀਓ ਬਣਾਉਣੀ ਜਾਂ ਇੰਜ ਕਰਨ ਦਾ ਵਿਖਾਵਾ ਕਰਨਾ।

*ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ਦੇ ਘੇਰੇ ਹੇਠ ਬਹੁਤਾ ਕਰਕੇ ਨਿਜੀ-ਖੇਤਰ ਦੇ ਨੌਕਰੀਦਾਤਾ ਆਉਂਦੇ ਹਨ। ਸਰਕਾਰੀ ਖੇਤਰ ਦੇ ਮੁਲਾਜ਼ਮਾਂ, ਖੇਤੀਬਾੜੀ ਨਾਲ ਜੁੜੇ ਅਤੇ ਘਰੇਲੂ ਵਰਕਰਾਂ, ਸੁਤੰਤਰ ਠੇਕੇਦਾਰਾਂ, ਮਾਤਾ/ਪਿਤਾ ਜਾਂ ਜੀਵਨ-ਸਾਥੀ ਵਲੋਂ ਕੰਮ 'ਤੇ ਰੱਖੇ ਗਏ ਵਰਕਰਾਂ, ਰੇਲਵੇ ਕਿਰਤ ਕਾਨੂੰਨ (RLA) ਦੇ ਘੇਰੇ ਹੇਠ ਆਉਣ ਵਾਲੇ ਹਵਾਈ ਅਤੇ ਰੇਲ ਕੈਰੀਅਰਾਂ ਦੇ ਮੁਲਾਜ਼ਮਾਂ ਅਤੇ ਸੁਪਰਵਾਈਜ਼ਰਾਂ (ਹਾਲਾਂਕਿ ਉਹਨਾਂ ਸੁਪਰਵਾਈਜ਼ਰਾਂ, ਜਿਹਨਾਂ ਨਾਲ NLRA ਦੀ ਉਲੰਘਣਾ ਕਰਨ ਤੋਂ ਮਨ੍ਹਾ ਕਰਨ ਬਦਲੇ ਵਿਤਕਰਾ ਕੀਤਾ ਗਿਆ ਹੈ, ਇਸਦੇ ਘੇਰੇ ਹੇਠ ਆ ਸਕਦੇ ਹਨ) ਨੂੰ NLRA ਹੇਠ ਕਵਰੇਜ ਤੋਂ ਬਾਹਰ ਰੱਖਿਆ ਗਿਆ ਹੈ।